# PUNJAB STATE TRANSMISSION CORPORATION LTD.

(Punjab Govt. Undertaking, Regd. Office: PSEB Head Office, The Mall, Patiala)
Corporate Identity Number: U40109PB2010SGC033814

## Office of Addl. SE, P&M Division, PSTCL, Patran-147105

Tele. 01764 – 244233 email: srxen-pm-patran@pstcl.org Mobile: 96461-18213


Enquiry No. PM/PATRAN/2023-24/06 Dated: 16/01/2024

To

Who So Ever is interested to
Participate in the Tender

Sub: - Short Term TE No. PM/PATRAN/2023-24/06 dated 16.01.24 to outsource the cleaning and sweeping work at 220KV S/S Patran under P & M Divn. PSTCL, Patran.

This office intends to outsource the cleaning and sweeping work at 220KV S/S Patran under P & M Divn. PSTCL, Patran for the current year 2024-2025.

Interested parties are requested to submit their quotations in sealed envelopes on or before 22.01.2024 by 11:00 AM in office of undersigned, as per tentative requirement in this NIT & tender enquiry document duly complying with terms and conditions.

DA/- NIT- Copy of terms and conditions and NIT.

Addl SE/P&M Divn,
PSTCL, Patran.

Date 16/01/2024

Endst no. 1086/96

1. Dy. CE/ P&M Circle, PSTCL, Patiala for information.
2. To all SSE/ 220kV Substation under P&M, PSTCL, Patran for putting up on their substation notice board.
3. Notice Board of the P&M Divn, Patran.
4. By registered post to address of all the Venders/Contractors in this line of business as may available in office record.

Addl SE/P&M Divn,
PSTCL, Patran.

pstcl

ਪੰਜਾਬ ਸਟੇਟ ਟਰਾਸਮਿਸ਼ਨ ਕਾਰਪੋਰੇਸ਼ਨ ਲਿਮਟਿਡ
ਆਫਿਸ ਦੀ ਮਾਲ ਪਟਿਆਲਾ CIN: U40109PB2010SGC033814
ਦ/ਫ: ਵਧੀਕ ਨਿਗ. ਇੰਜੀ. ਪੀ ਤੇ ਐਮ ਮੰਡਲ,PSTCL,ਪਾਤੜਾਂ
ਮੋ. ਨੰ. 96461-18213, ਈ-ਮੇਲ:- srxen-pm-patran @pstcl.org.

| ਟੈਂਡਰ ਨੋਟਿਸ | |
|---|---|
| ਕੰਮ ਦਾ ਨਾਮ | ਵ.ਨਿਗ.ਇੰਜ.ਮੰਡਲ ਦਫਤਰ,PSTCL,ਪਾਤੜਾਂ ਅਧੀਨ ਪੈਂਦੇ 220 ਕੇ.ਵੀ. ਸ/ਸ ਪਾਤੜਾਂ ਅਤੇ ਕੰਟਰੋਲ ਰੂਮ ਆਦਿ ਵਿਖੇ ਸਾਫ ਸਫਾਈ ਦਾ ਕੰਮ ਆਊਟਸੋਰਸ ਕਰਨ ਸਬੰਧੀ। |
| ਟੈਂਡਰ ਇੰਨਕੁਆਰੀ ਨੰ. | 06/2023-24 |
| ਟੈਂਡਰ ਦਸਤਾਵੇਜ ਵੇਚਣ ਦੀ ਆਖਰੀ ਮਿਤੀ/ਸਮਾਂ | 22.01.2024 up to 11.00 AM |
| ਟੈਂਡਰ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ/ਸਮਾਂ | 22.01.2024 up to 11.00 AM |
| ਟੈਂਡਰ ਖੋਲਣ ਦੀ ਮਿਤੀ ਅਤੇ ਸਮਾਂ | 22.01.2024 at 11.30 AM |
| ਦਸਤਾਵੇਜਾਂ ਦੀ ਕੀਮਤ | Nil |
| ਈ.ਐਮ.ਡੀ. | Rs.5000/- |

NIT ਨਾਲ ਸਬੰਧਤ ਆਮ ਜਾਣਕਾਰੀ ਨੂੰ PSTCL ਦੀ ਵੈਬਸਾਈਟ www.pstcl.org ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।ਨੋਟ:- ਜੇਕਰ ਕਿਸੇ ਕਾਰਨ ਟੈਂਡਰ ਪ੍ਰੀਕ੍ਰਿਆ ਪੂਰੀ ਨਹੀਂ ਹੁੰਦੀ ਤਾਂ ਉਸ ਕੇਸ ਵਿੱਚ ਅਖਬਾਰਾਂ ਵਿੱਚ ਸ਼ੋਧ ਪ੍ਰਕਾਸ਼ਿਤ ਨਹੀਂ ਕਰਵਾਈ ਜਾਵੇਗੀ। ਸੋਧ ਸਬੰਧੀ ਵੇਰਵੇ PSTCL ਦੀ ਵੈਬਸਾਈਟ ਤੇ ਦੇਖੇ ਜਾਣ।

16/1/24

ਵਧੀਕ ਨਿਗਰਾਨ ਇੰਜੀਨੀਅਰ,
ਪੀ ਤੇ ਐਮ ਮੰਡਲ,PTSCL,ਪਾਤੜਾਂ।

**Punjab State Transmission Corporation Ltd.**
Office The Mall Patiala CIN: U40109PB2010SGC033814
O/o:- Addl. SE P & M Division PSTCL,Patran
M. No. 96461-18213, E-mail:- srxen-pm-patran@pstcl.org,

## Tender Notice

| | |
|---|---|
| Name of work | To outsource the work of sweeping and cleaning at 220KV S/S Patran under this office. |
| Tender Enq. No. | 06/2023-24 |
| Last date/time for sale of tender document | 22.01.2024 up to 11.00 AM |
| Last date/time for submission of tender document | 22.01.2024 up to 11.00 AM |
| Date/time of opening tender | 22.01.2024 at 11.30 AM |
| Tender document cost | Nil |
| EMD | Rs.5000/- |

General information of NIT may be downloaded from PSTCL website www.pstcl.org. Note:- In case tender process is not completed due to any reason, no corrigendum will be published in newspapers. Details regarding corrigendum may be seen on PSTCL website.

16/1/24
Addl.SE,P&M Divn.
PSTCL,Patran

ਟੈਂਡਰ ਇੰਕੁਆਰੀ ਨੰ. **06/2023-24**
ਅਨੁਲੱਗ-ੳ

# ਕੀਮਤਾਂ ਦਾ ਸ਼ੈਡਿਊਲ

| ਲੜੀ ਨੰ. | ਕੰਮ ਦਾ ਵੇਰਵਾ | ਰਕਮ ਪ੍ਰਤੀ ਮਹੀਨਾ **(Lump-sum)** |
|---|---|---|
| **A** | **B** | **C** |
| **1** | ਵ.ਨਿਗ.ਇੰਜ.ਮੰਡਲ ਦਫਤਰ,**PSTCL**,ਪਾਤੜਾਂ ਅਧੀਨ ਪੈਂਦੇ 220 ਕੇ.ਵੀ. ਪਾਤੜਾਂ ਅਤੇ ਕੰਟਰੋਲ ਰੂਮ ਆਦਿ ਵਿਖੇ ਸਾਫ ਸਫਾਈ ਦਾ ਕੰਮ ਆਊਟਸੋਰਸ ਕਰਨ ਸਬੰਧੀ।। | |

ਨੋਟ:ਜੀ.ਐਸ.ਟੀ. (ਜੋ ਲਾਗੂ ਹੋਵੇਗਾ) **P.S.T.C.L.** ਵੱਲੋਂ ਵੱਖਰਾ ਦਿੱਤਾ ਜਾਵੇਗਾ।

ਮੈਂ ਟੈਂਡਰ ਵਿੱਚ ਦਿੱਤੇ ਹੋਏ ਸਾਰੇ ਨਿਯਮ ਅਤੇ ਸ਼ਰਤਾਂ ਚੰਗੀ ਤਰ੍ਹਾਂ ਪੜ੍ਹ ਲਈਆਂ ਹਨ ਅਤੇ ਟੈਂਡਰ ਵਿੱਚ ਦਿੱਤੇ ਨਿਯਮਾਂ ਅਤੇ ਸ਼ਰਤਾਂ ਅਨੁਸਾਰ ਆਪਣੀ ਕੁਟੇਸ਼ਨ ਦੇ ਰਿਹਾ ਹਾਂ।

ਮਿਤੀ: ____________

ਸਥਾਨ: ____________

ਠੇਕੇਦਾਰ ਦੇ ਦਸਤਖਤ ____________

ਅਹੁੱਦਾ ____________

ਕੰਪਨੀ ____________

ਮੋਬਾਇਲ ਨੰ. ____________

15/1/24

ਵਧੀਕ ਨਿਗਰਾਨ ਇੰਜੀਨੀਅਰ
ਪੀ ਤੇ ਐਮ ਮੰਡਲ,
P.S.T.C.L. ਪਾਤੜਾਂ

ਟੈਂਡਰ ਇੰਕੁਆਰੀ ਨੰ. **06/2023-24**

## ਟੈਂਡਰ ਦੀਆਂ ਸ਼ਰਤਾਂ

**1. ਕੰਟਰੈਕਟ ਦਾ ਸਮਾਂ:-**

1) ਕੰਮ ਦਾ ਸਮਾਂ ਮਹੀਨੇ ਦਾ ਜਾਂ ਟੈਂਡਰਿੰਗ ਅਥਾਰਟੀ ਵੱਲੋਂ ਨਿਰਧਾਰਤ ਕੀਤੇ ਸਮੇਂ ਅਨੁਸਾਰ ਹੋਵੇਗਾ।

2) **ਕੰਟਰੈਕਟ/ਵਰਕ ਆਰਡਰ ਦਾ ਕੰਮ ਤਸੱਲੀਬਖਸ਼ ਹੋਣ ਤੇ ਜਾਂ ਲੋੜ ਮੁਤਾਬਿਕ ਉੱਚ ਅਧਿਕਾਰੀਆਂ ਦੀ ਪ੍ਰਵਾਨਗੀ ਤੋਂ** ਬਾਅਦ ਸਮਾਂ ਵਧਾਇਆ ਜਾ ਸਕਦਾ ਹੈ ਅਤੇ ਸੇਵਾਂਵਾਂ/ਕੰਮ ਤਸੱਲੀਬਖਸ਼ ਨਾ ਹੋਣ ਤੇ ਪੀ.ਐਸ.ਟੀ.ਸੀ.ਐਲ. (**Erstwhile PSEB**) ਦੀ **Works Regulations** ਦੇ ਨਿਯਮਾਂ ਅਤੇ ਸਰਤਾਂ ਅਨੁਸਾਰ ਸਮਾਂ ਘਟਾਇਆ ਜਾਂ ਠੇਕਾ ਰੱਦ ਵੀ ਕੀਤਾ ਜਾ ਸਕਦਾ ਹੈ। ਠੇਕੇਦਾਰ **ਵੱਲੋਂ ਵੀ 1 ਮਹੀਨੇ ਦਾ ਨੋਟਿਸ ਦੇ ਕੇ ਕੰਮ ਨੂੰ ਬੰਦ ਕੀਤਾ ਜਾ ਸਕਦਾ ਹੈ।**

3) ਫਰਮ/ਠੇਕੇਦਾਰ ਵੱਲੋਂ ਦਿੱਤੇ ਗਏ ਰੇਟ ਅਨੁਲੱਗ- ੳ ਅਨੁਸਾਰ ਹੋਣਗੇ।

4) **ਕੇਵਲ ਰਜਿਸਟਰਡ ਫਰਮਾਂ ਹੀ ਟੈਂਡਰ ਵਿੱਚ ਹਿੱਸਾ ਲੈ ਸਕਦੀਆਂ ਹਨ।**

5) **ਟੈਲੀਫੋਨਿਕ,ਮੇਲ ਰਾਹੀ ਪ੍ਰਾਪਤ ਹੋਈਆਂ ਕੁਟੇਸ਼ਨਾਂ ਵਿਚਾਰੀਆਂ ਨਹੀ ਜਾਣਗੀਆਂ।**

6) **ਈ.ਐਮ.ਡੀ. ਦੀ ਰਕਮ 5000/- ਰੁਪਏ ਹੋਵੇਗੀ ਜੋ ਕਿ ਡਿਮਾਂਡ ਡਰਾਫਟ ਦੇ ਰੂਪ ਵਿੱਚ ਲਈ ਜਾਵੇਗੀ ਅਤੇ ਡਿਮਾਂਡ ਡਰਾਫਟ PSTCL ਦੇ ਨਾਮ ਤੇ ਹੋਣਾ ਚਾਹੀਦਾ ਹੈ। ਬਿਨਾਂ ਈ.ਐਮ.ਡੀ. ਤੋ ਮਿਲੀਆ ਕੁਟੇਸ਼ਨਾਂ ਵਿਚਾਰੀਆਂ ਨਹੀ ਜਾਣਗੀਆਂ।**

**2. ਸਾਫ-ਸਫਾਈ ਸਬੰਧੀ :-**

ੳ) ਸਾਫ ਸਫਾਈ ਦੇ ਕੰਮਾਂ ਦੀਆਂ ਥਾਵਾਂ ਹੇਠ ਲਿਖੇ ਦਫਤਰਾਂ ਅਤੇ ਜਗ੍ਹਾ ਮੁਤਾਬਿਕ ਹੋਣਗੀਆਂ:-

1) 220 **ਕੇ.ਵੀ ਸ/ਸ ਪਾਤੜਾਂ ਦਾ ਐਸ.ਐਸ.ਈ ਦਫਤਰ ਅਤੇ ਬਾਥਰੂਮ, ਬੈਟਰੀ ਰੂਮ(1 ਨੰ:), ਕੰਟਰੋਲ ਰੂਮ, ਗਰਿਡ ਦਾ ਸਟੋਰ , ਪੀ ਐਲ.ਸੀ ਰੂਮ, ਲੌਬੀ, ਕਿਚਨ, ਗਰਿਡ ਕਰਮਚਾਰੀਆਂ ਦਾ ਬਾਥਰੂਮ(2 ਨੰ:) , ਯਾਰਡ ਵਿੱਚ ਬਣੀਆ ਸੜਕਾਂ, ਕੰਟਰੋਲ ਰੂਮ ਤੋਂ ਯਾਰਡ ਦੇ ਮੇਨ ਗੇਟ ਤੋਂ ਕੰਟਰੋਲ ਰੂਮ ਵਿਚਲਾ ਸਾਰਾ ਏਰੀਆ, ਸੜਕ ਵਿਚਲਾ ਸਾਰਾ ਏਰੀਆ ਅਤੇ ਹੋਰ ਸਫਾਈ ਯੋਗ ਏਰੀਆ।**

ਅ) ਸਾਫ ਸਫਾਈ ਦੇ ਕੰਮਾਂ ਦਾ ਤਰੀਕਾ ਹੇਠ ਲਿਖੇ ਅਨੁਸਾਰ ਹੋਵੇਗਾ:-

1) ਉਕਤ ਦਰਸਾਏ ਦਫਤਰਾਂ ਵਿੱਚ **ਝਾੜੂ ਲਗਾਉਣਾ, ਪੋਚਾ ਲਗਾਉਣਾ,** ਦਰਵਾਜੇ ਅਤੇ ਖਿੜਕੀਆਂ ਦੀ **ਮਿੱਟੀ ਝਾੜਨਾ,ਫਰਨੀਚਰ ਆਦਿ ਦੀ ਸਫਾਈ ਕਰਨਾ, ਵਾਸ਼ਰੂਮ ਸਾਫ ਕਰਨਾ, (ਵਾਸ਼ ਬੇਸਿਨ, ਤੌਲੀਆ ਸਟੈਂਡ, ਵੇਸਟੇਜ ਚੈਂਬਰ, ਯੂਰੀਨਲ ਪੋਰਟਸ), ਪੈਂਟਰੀ, ਵਰਕ ਸਟੇਸ਼ਨ'ਜ, ਦਫਤਰ ਦੇ ਆਲੇ-ਦੁਆਲੇ ਦੀ ਸਫਾਈ ਕਰਨਾ, ਛੱਤ ਦੀ ਸਫਾਈ ਕਰਨਾ, ਸਾਰੇ ਡਸਟਬਿਨਾਂ ਵਿੱਚੋਂ ਕੂੜਾ ਕੱਢਣਾ, ਸੀਵਰੇਜ ਦੀ ਬਲੋਕੇਜ ਠੀਕ** ਕਰਨਾ, ਛੱਤ ਦੀ ਸਫਾਈ ਕਰਨਾ, ਸਾਰੇ ਡਸਟਬਿਨਾਂ ਵਿੱਚੋਂ ਕੂੜਾ ਕੱਢਣਾ, ਸੀਵਰੇਜ ਦੀ ਬਲੋਕੇਜ ਠੀਕ ਕਰਨਾ ਅਤੇ ਹੋਰ ਸਾਫ ਸਫਾਈ ਨਾਲ ਸਬੰਧਤ ਕੰਮ ਦਫਤਰੀ ਖੇਤਰ ਦੇ ਅੰਦਰ ਕਰਨਾ ਜਾਂ **ਸਾਂਭ-ਸੰਭਾਲ ਕਰਨਾ** ਅਤੇ 09:00 ਵਜੇ ਤੋਂ ਪਹਿਲਾਂ ਅਤੇ **5:00** ਵੱਜੇ ਤੋ ਬਾਅਦ ਪੂਰੇ ਕੀਤੇ ਜਾਣਗੇ।

2) 220 ਕੇ.ਵੀ. ਸ/ਸ ਵਿਖੇ ਬਣੇ ਕੰਟਰੋਲ ਰੂਮ, ਬੈਟਰੀ ਰੂਮ ਰੂਮ, ਸਟੋਰ ਰੂਮ, ਵਿੱਚ ਝਾੜੂ ਲਗਾਉਣਾ, ਪੋਚਾ ਲਗਾਉਣਾ, ਦਰਵਾਜੇ ਅਤੇ ਖਿੜਕੀਆਂ ਦੀ ਮਿੱਟੀ ਝਾੜਨਾ, ਫਰਨੀਚਰ ਆਦਿ ਦੀ ਸਫਾਈ ਕਰਨਾ। ਇਸ ਤੋ ਇਲਾਵਾ 220 ਕੇ.ਵੀ. ਸ/ਸ ਯਾਰਡ ਵਿੱਚ ਬਣੀਆਂ ਸੜਕਾ ਤੇ ਝਾੜੂ ਲਗਾਉਣਾ ਅਤੇ ਸਾਫ ਸਫਾਈ ਕਰਨ ਦਾ ਕੰਮ ਹੋਵੇਗਾ। ਸ/ਸ ਯਾਰਡ ਵਿੱਚ ਬਣੀਆਂ ਡਰੇਨਾਂ, ਕੇਬਲ ਟਰੈਂਚਾਂ, ਸ/ਸ ਦੀ ਬਾਉਂਡਰੀ ਵਾਲ ਦੇ ਨਾਲ ਲੱਗਦੀ ਡਰੇਨ ਅਤੇ ਸਾਫ-ਸਫਾਈ ਸਬੰਧੀ ਸਮੇਂ-ਸਮੇਂ ਅਨੁਸਾਰ ਦਿੱਤੇ ਜਾਣ ਵਾਲੇ ਕੰਮ ਸ਼ਾਮਿਲ ਹੋਣਗੇ।

2) ਕੂੜੇ ਨੂੰ ਸਹੀ ਜਗ੍ਹਾਂ ਤੇ ਸਹੀ ਤਰੀਕੇ ਨਾਲ ਨਿਪਟਾਨ ਲਈ ਠੇਕੇਦਾਰ ਜਾਂ ਉਸ ਦੇ ਕਾਮੇ ਦੀ ਜਿੰਮੇਵਾਰ ਹੋਵੇਗੀ।

3) ਠੇਕੇਦਾਰ ਵੱਲੋਂ ਕੀਤੇ ਜਾ ਰਹੇ ਜਾਂ ਪੂਰੇ ਕੀਤੇ ਗਏ ਕੰਮ ਨੂੰ ਕਿਸੇ ਵੀ ਸਮੇਂ ਇੰਚਾਰਜ ਇੰਜੀਨੀਅਰ ਜਾਂ ਦਫਤਰ ਦੇ ਕਿਸੇ ਵੀ ਨੁਮਾਂਇੰਦੇ ਵੱਲੋਂ ਨਿਰੀਖਣ ਕੀਤਾ ਜਾ ਸਕਦਾ ਹੈ।

4) ਗਜ਼ਿਟਡ ਛੁੱਟੀ ਜਾਂ ਐਤਵਾਰ ਵਾਲੇ ਦਿਨਾਂ ਨੂੰ ਦਫਤਰੀ ਖੇਤਰ ਵਿੱਚ ਇੰਚਾਰਜ ਇੰਜੀਨੀਅਰ ਦੀ ਪ੍ਰਵਾਨਗੀ ਤੋਂ ਬਿਨਾਂ ਕੋਈ ਕੰਮ ਨਹੀ ਕੀਤਾ ਜਾਵੇਗਾ।

5) ਸਾਫ ਸਫਾਈ ਦੇ ਨਾਲ ਸਬੰਧਤ ਵਰਤੋਂ ਯੋਗ ਸਾਰਾ ਸਮਾਨ ਠੇਕੇਦਾਰ ਵੱਲੋਂ ਹਰ ਮਹੀਨੇ ਮੁਹੱਈਆ ਕਰਵਾਇਆ ਜਾਵੇਗਾ।

16/1/24

ਵਧੀਕ ਨਿਗਰਾਨ [illegible]

[illegible] P.S.T.C.L. [illegible]

## 3. ਬਿਲਾਂ ਦੀ ਅਦਾਇਗੀ ਸਬੰਧੀ:-

1) ਬਿਲਾਂ ਦੀ ਅਦਾਇਗੀ ਠੇਕੇਦਾਰ ਵੱਲੋਂ ਮਹੀਨਾਵਾਰ ਬਿਲ ਪੇਸ਼ ਕਰਨ ਉਪਰੰਤ ਕੀਤੀ ਜਾਵੇਗੀ।

2) ਬਿਲ ਦੀ ਅਦਾਇਗੀ ਸਬੰਧੀ ਅਧਿਕਾਰ ਵਧੀਕ ਨਿਗਰਾਨ ਇੰਜੀਨੀਅਰ/ ਪੀ ਤੇ ਐਮ ਮੰਡਲ, ਪੀ.ਐਸ.ਟੀ.ਸੀ.ਐਲ, ਪਾਤੜਾਂ ਕੋਲ ਹੋਣਗੇ।

3) ਬਿਲ ਵਿੱਚੋਂ ਨਿਯਮਾਂ ਅਨੁਸਾਰ ਆਮਦਨ ਕਰ ਜਾਂ ਕੋਈ ਹੋਰ statutory ਸਬੰਧੀ ਕਟੌਤੀ ਜੋ ਵੀ ਭਾਰਤ ਸਰਕਾਰ/ਰਾਜ ਸਰਕਾਰ ਵੱਲੋਂ ਲਾਗੂ ਹੋਵੇ, ਨਿਯਮਾਂ ਮੁਤਾਬਿਕ ਕੀਤੀ ਜਾਵੇਗੀ। ਠੇਕੇਦਾਰ ਵੱਲੋਂ ਪੈਨ ਨੰਬਰ ਦੇਣਾ ਜਰੂਰੀ ਹੋਵੇਗਾ, ਪੈਨ ਨੰਬਰ ਨਾ ਦੇਣ ਦੀ ਸੂਰਤ ਵਿੱਚ ਇਨਕਮ-ਟੈਕਸ ਬਿਲ ਵਿੱਚੋਂ 20% ਕੱਟਿਆ ਜਾਵੇਗਾ। ਜੇਕਰ ਕੋਈ ਹੋਰ ਟੈਕਸ ਬਣਦਾ ਹੋਵੇ ਤਾਂ ਉਸ ਦੀ ਕਟੌਤੀ ਵੀ ਮਹੀਨਾਵਾਰ ਬਿਲਾਂ ਵਿੱਚੋਂ ਕੀਤੀ ਜਾਵੇਗੀ।

4) ਮਹੀਨਾਂਵਾਰ ਬਿਲਾਂ ਵਿੱਚੋਂ 5% ਸਕਿਉਰਿਟੀ ਦੀ ਕਟੌਤੀ ਕੀਤੀ ਜਾਵੇਗੀ ਜੋ ਕਿ ਵਰਕ ਆਰਡਰ ਤਸਲੀਬਖਸ਼ ਪੂਰਾ ਹੋਣ ਉਪਰੰਤ ਵਾਪਸ ਕਰ ਦਿੱਤੀ ਜਾਵੇਗੀ ਅਤੇ ਇਸ ਤੇ ਕੋਈ ਵੀ ਵਿਆਜ਼ ਨਹੀਂ ਦਿੱਤਾ ਜਾਵੇਗਾ।

5) ਮਹੀਨਾਵਾਰ ਬਿਲਾਂ ਵਿੱਚੋਂ ਸਰਕਾਰ ਦੀਆਂ ਹਦਾਇਤਾਂ ਅਨੁਸਾਰ **GST TDS** ਕੱਟਿਆ ਜਾਵੇਗਾ।

6) ਕਾਮੀਆਂ ਦਾ **EPF** ਅਤੇ **ESI** ਜਮ੍ਹਾਂ ਕਰਵਾਉਣ ਦੀ ਪੂਰੀ ਜਿੰਮੇਵਾਰੀ ਫਰਮਾਂ/ਠੇਕੇਦਾਰਾਂ ਦੀ ਹੋਵੇਗੀ। ਇਸ ਸਬੰਧੀ ਮਹੀਨਾਵਾਰ ਬਿਲ ਵਿੱਚ ਤਸਦੀਕ ਕਰਨਾ ਜਰੂਰੀ ਹੋਵੇਗਾ। **EPF** ਅਤੇ **ESI** ਦੇ ਜਮ੍ਹਾਂ ਕਰਵਾਏ ਚਲਾਨ ਕਦੇ ਵੀ ਨਿਗਮ ਵੱਲੋਂ ਮੰਗੇ/ਦੇਖੇ ਜਾ ਸਕਦੇ ਹਨ।

7) **PSTCL** ਦੀਆਂ ਹਦਾਇਤਾਂ ਮੁਤਾਬਿਕ ਮਹੀਨਾਵਾਰ ਬਿਲਾਂ ਵਿੱਚੋਂ 1% ਲੇਬਰ ਸੈਸ (ਜੇਕਰ ਲਾਗੂ ਹੋਵੇ) ਕੱਟਿਆ ਜਾਵੇਗਾ।

8) ਕੰਮ ਦੇ ਦੌਰਾਨ ਠੇਕੇਦਾਰ ਦੇ ਕਾਮਿਆਂ ਵੱਲੋਂ ਕਿਸੇ ਕਿਸਮ ਦੇ ਨੁਕਸਾਨ ਹੋਣ ਦੀ ਸੂਰਤ ਵਿੱਚ ਜਿਵੇਂ ਕਿ ਬਿਲਡਿੰਗ, ਰੋਡ, ਫੈਂਸਿੰਗ, ਬਿਜਲੀ ਯੰਤਰਾਂ ਅਤੇ ਦਰੱਖਤ-ਬੂਟੇ ਆਦਿ ਦੇ ਹੋਏ ਨੁਕਸਾਨ ਸਬੰਧੀ ਖਰਚੇ ਨੂੰ ਠੇਕੇਦਾਰ ਵੱਲੋਂ ਪੂਰਾ ਕੀਤਾ ਜਾਵੇਗਾ ਜਾਂ ਇਸ ਖਰਚੇ ਨੂੰ ਠੇਕੇਦਾਰ ਦੇ ਬਿਲਾਂ ਜਾਂ ਸਿਕਉਰਿਟੀ ਵਿੱਚੋਂ ਕੱਟਿਆ ਜਾਵੇਗਾ।

9) ਜੀ.ਐਸ.ਟੀ. ਜੋ ਲਾਗੂ ਹੋਵੇਗਾ ਮਹਿਕਮੇਂ ਵੱਲੋਂ ਵੱਖਰਾ ਅਦਾ ਕੀਤਾ ਜਾਵੇਗਾ।

10) ਜੇਕਰ ਕਿਸੇ ਕੰਮ ਵਾਲੇ ਦਿਨ ਕੰਮ ਪੂਰਾ ਨਹੀਂ ਹੁੰਦਾ ਹੈ ਜਾਂ ਸ/ਸ ਦੇ ਇੰਚਾਰਜ਼ ਵੱਲੋਂ ਦੋ ਬਾਰ ਲਿਖਿਤ ਰਿਪੋਰਟ ਕਰਨ ਦੇ ਬਾਵਜੂਦ ਠੇਕੇਦਾਰ ਵੱਲੋਂ ਕੰਮ ਪੂਰਾ ਜਾਂ ਠੀਕ ਨਾ ਕਰਨ ਤੇ ਉਸ ਦੀ ਅਦਾਇਗੀ ਲਈ ਵਿਚਾਰਿਆ ਨਹੀਂ ਜਾਵੇਗਾ ਅਤੇ ਉਸ ਅਨੁਪਾਤ ਵਿੱਚ ਉਸ ਦਿਨ ਦੀ ਅਦਾਇਗੀ ਨਹੀਂ ਕੀਤੀ ਜਾਵੇਗੀ।

11) ਜੇਕਰ ਠੇਕੇਦਾਰ ਸਹਿਮਤ ਹੋਈਆਂ ਨਿਯਮ ਅਤੇ ਸ਼ਰਤਾਂ ਮੁਤਾਬਿਕ ਸਾਫ ਸਫਾਈ ਦਾ ਕੰਮ ਨਹੀਂ ਕਰਵਾ ਸਕਿਆ ਤਾਂ ਪੀ.ਐਸ.ਟੀ.ਸੀ.ਐਲ. ਵੱਲੋਂ ਕੰਮ ਕਰਵਾਉਣ ਲਈ ਅਦਾ ਕੀਤੀ ਰਕਮ ਦੁਗਣੇ ਰੇਟ ਤੇ ਜੁਰਮਾਨੇ ਵੱਜੋਂ ਠੇਕੇਦਾਰ ਤੋਂ ਵਸੂਲੀ ਜਾ ਸਕਦੀ ਹੈ।

12) ਠੇਕੇਦਾਰ ਦੀ ਲੇਬਰ/ ਮੈਨ-ਪਾਵਰ ਦੀ ਅਣਗਹਿਲੀ ਕਾਰਨ ਜੇਕਰ ਪੀ.ਐਸ.ਟੀ.ਸੀ.ਐਲ. ਦੀ ਪ੍ਰਾਪਰਟੀ ਨੂੰ ਕੋਈ ਨੁਕਸਾਨ ਹੁੰਦਾ ਹੈ ਤਾਂ ਠੇਕੇਦਾਰ ਵੱਲੋਂ ਇਸ ਦੀ ਪੂਰਤੀ ਪੀ.ਐਸ.ਟੀ.ਸੀ.ਐਲ. ਨੂੰ ਕੀਤੀ ਜਾਵੇਗੀ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਨੁਕਸਾਨ ਪੂਰਤੀ ਲਈ ਵਸੂਲੀ ਠੇਕੇਦਾਰ ਦੇ ਬਿਲਾਂ ਵਿੱਚੋਂ ਕਰ ਲਈ ਜਾਵੇਗੀ।

13) ਕਿਰਤ ਕਾਨੂੰਨਾਂ ਨਾਲ ਸਬੰਧਤ ਸਾਰੇ ਕਾਨੂੰਨਾਂ ਜਿਵੇਂ ਕਿ ਕੰਟਰੈਕਟ ਲੇਬਰ (ਰੈਗੂਲੇਸ਼ਨ ਅਤੇ ਐਬੋਲੀਸ਼ਨ) ਐਕਟ 1970, ਇੰਡਸਟਰੀਜ ਡਿਸਪਿਊਟਸ/1947, ਘੱਟੋਂ-ਘੱਟ ਤਨਖਾਹ ਐਕਟ, ਪੇਮੈਂਟ ਆਫ ਬੋਨਸ ਐਕਟ, ਇਮਪਲਾਈਜ ਪ੍ਰੋਵੀਡੈਂਟ ਫੰਡਜ਼ ਐਕਟ, ਇਮਪਲਾਈਜ ਸਟੇਟ ਇਨਸ਼ੋਰੈਂਸ ਐਕਟ, ਵਰਕਮੈਨ ਕੰਪੈਨਸੇਸ਼ਨ ਐਕਟ ਆਦਿ ਜੋ ਕਿ ਮੌਜੂਦਾ ਸਮੇਂ ਲਾਗੂ ਹਨ ਜਾਂ ਜੋ ਆਉਣ ਵਾਲੇ ਸਮੇਂ ਵਿੱਚ ਲਾਗੂ ਹੋ ਸਕਦੇ ਹਨ, ਦੀ ਪਾਲਣਾ ਠੇਕੇਦਾਰ ਵੱਲੋਂ ਕੀਤੀ ਜਾਵੇਗੀ ਅਤੇ ਇਸ ਸਬੰਧੀ ਸਾਰੀ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ ਅਤੇ ਪਾਲਣਾ ਸਬੰਧੀ ਸਰਟੀਫਿਕੇਟ ਹਰ ਮਹੀਨੇ ਪੇਸ਼ ਕਰਨ ਤੋਂ ਬਾਅਦ ਹੀ ਅਗਲੇ ਬਿੱਲ ਦੀ ਅਦਾਇਗੀ ਕੀਤੀ ਜਾਵੇਗੀ।

ਵਧੀਕ ਨਿਗਰਾਨ ਇੰਜੀਨੀਅਰ
ਪੀ ਤੇ ਐਮ ਮੰਡਲ,
P.S.T.C.L. ਪਾਤੜਾਂ

## 4. ਕਾਮਿਆ ਸਬੰਧੀ ਸ਼ਰਤਾ:-

1) ਠੇਕੇਦਾਰ ਵੱਲੋਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਉਸ ਦੀ ਸੇਵਾ ਵਿੱਚ ਜੋ ਵੀ ਕਰਮਚਾਰੀ/ ਕਾਮੇ ਹਨ, ਉਨ੍ਹਾਂ ਦੀ ਉਮਰ 18 ਸਾਲ ਤੋਂ ਉੱਪਰ ਹੈ।

2) ਕਰਮਚਾਰੀਆਂ/ ਕਾਮਿਆਂ ਦੇ ਅਨੁਸ਼ਾਸ਼ਨ ਅਤੇ ਵੈਲਫੇਅਰ ਦੀ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ ਅਤੇ ਕੰਮ ਤੇ ਲਗਾਏ ਗਏ ਕਰਮਚਾਰੀਆਂ/ ਕਾਮਿਆਂ ਵੱਲੋਂ ਕੀਤੀ ਗਈ ਕਿਸੇ ਕਿਸਮ ਦੀ ਅਨੁਸ਼ਾਸ਼ਨਹੀਣਤਾ/ ਦੁਰਵਿਵਹਾਰ ਨੂੰ ਠੇਕੇਦਾਰ ਵੱਲੋਂ ਤੇਜੀ ਨਾਲ ਦਰੁਸਤ ਕੀਤਾ ਜਾਵੇਗਾ।

3) ਠੇਕੇਦਾਰ ਜਾਂ ਉਸ ਦੇ ਕਰਮਚਾਰੀ/ ਕਾਮੇ ਵੱਲੋਂ ਕੀਤਾ ਜਾ ਰਿਹਾ ਕੰਮ ਜੇਕਰ ਤਸੱਲੀਬਖਸ਼ ਨਹੀਂ ਪਾਇਆ ਜਾਂਦਾ ਤਾਂ ਉਸ ਹਾਲਤ ਵਿੱਚ ਸਬੰਧਤ ਇੰਚਾਰਜ ਵੱਲੋਂ ਸਲਾਹ ਦੇਣ ਤੇ ਠੇਕੇਦਾਰ ਵੱਲੋਂ ਤੁਰੰਤ ਅਤੇ ਪ੍ਰਭਾਵਸ਼ਾਲੀ ਸਰਵਿਸ ਮੁੱਹਈਆ ਕਰਵਾਉਣ ਲਈ ਜਰੂਰੀ ਕਦਮ ਉਠਾਏ ਜਾਣਗੇ।

4) ਠੇਕੇਦਾਰ ਵੱਲੋਂ ਕਰਮਚਾਰੀਆਂ/ ਕਾਮਿਆਂ ਦੀ ਸੁਰੱਖਿਆਂ ਅਤੇ ਪਹਿਚਾਨ ਮੰਤਵ ਲਈ ਤਾਜਾ ਫੋਟੋਗਰਾਫ **(Photo)** ਨਾਲ ਪਹਿਚਾਨ ਪੱਤਰ ਜਾਰੀ ਕੀਤੇ ਜਾਣਗੇ।

5) ਠੇਕੇਦਾਰ ਅਧੀਨ ਕਰਮਚਾਰੀ/ ਕਾਮੇ ਆਪਣਾ ਚਾਹ ਅਤੇ ਖਾਣੇ ਲਈ ਆਪ ਪ੍ਰਬੰਧ ਕਰਨਗੇ।

6) ਠੇਕੇਦਾਰ ਵੱਲੋਂ ਖਾਸ ਤੌਰ ਤੇ ਇਹ ਸਹਿਮਤੀ ਦੇਣੀ ਹੋਵੇਗੀ ਕਿ ਉਸ ਵੱਲੋਂ ਰੱਖੇ ਗਏ ਕਰਮਚਾਰੀ/ ਕਾਮੇ ਸਾਰੇ ਮੰਤਵਾਂ ਲਈ ਠੇਕੇਦਾਰ ਦੇ ਕਰਮਚਾਰੀ/ ਕਾਮੇ ਹੀ ਹੋਣਗੇ ਅਤੇ ਉਹ ਪੀ.ਐਸ.ਟੀ.ਸੀ.ਐਲ. ਨਾਲ ਕੋਈ ਸਬੰਧ ਨਹੀਂ ਕਲੇਮ ਕਰਨਗੇ ਜਿਸ ਵਿੱਚ ਰੋਜ਼ਗਾਰਦਾਤਾ-ਕਰਮਚਾਰੀ/ ਕਾਮੇ ਦਾ ਸਬੰਧ ਵੀ ਸ਼ਾਮਿਲ ਹੈ। ਜੇਕਰ ਕਰਮਚਾਰੀਆਂ/ ਕਾਮਿਆਂ ਵੱਲੋਂ ਅਜਿਹਾ ਕੋਈ ਦਾਅਵਾ ਕੀਤਾ ਜਾਂਦਾ ਹੈ ਅਤੇ ਅਜਿਹੇ ਕਿਸੇ ਕਲੇਮ ਜੋ ਕਿ ਮੌਦਰਿਕ ਜਾਂ ਕੋਈ ਹੋਰ ਦਾਅਵੇ ਦੀ ਹਾਲਤ ਵਿੱਚ ਏਜੰਸੀ/ ਠੇਕੇਦਾਰ ਮੁਆਵਜੇ ਦੇਣ ਲਈ ਵਚਨਬੱਧ ਹੋਵੇਗਾ।

7) ਪੀ.ਐਸ.ਟੀ.ਸੀ.ਐਲ. ਦੇ ਅਹਾਤੇ ਅੰਦਰ ਡਿਊਟੀ ਕਰਦੇ ਸਮੇਂ ਜੇਕਰ ਏਜੰਸੀ/ ਠੇਕੇਦਾਰ ਦੇ ਕਰਮਚਾਰੀ/ ਕਾਮੇ ਨੂੰ ਸੱਟ ਲੱਗਦੀ ਹੈ ਤਾਂ ਉਸ ਹਾਲਤ ਵਿੱਚ ਕਰਮਚਾਰੀ/ ਕਾਮੇ ਦੇ ਕਿਸੇ ਵੀ ਕਲੇਮ ਦੀ ਜਿੰਮੇਵਾਰੀ ਏਜੰਸੀ/ ਠੇਕੇਦਾਰ ਦੀ ਹੋਵੇਗੀ। ਪੀ.ਐਸ.ਟੀ.ਸੀ.ਐਲ. ਦੀ ਕਿਸੇ ਵੀ ਪੱਧਰ ਤੇ ਕਿਸੇ ਵੀ ਕਿਸਮ ਦੇ ਕਲੇਮ ਜਾਂ ਕਾਨੂੰਨੀ ਸਿੱਟੇ ਨਿਕਲਣ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

ਉਪਰੋਕਤ ਤੋਂ ਇਲਾਵਾ ਪੀ.ਐਸ.ਟੀ.ਸੀ.ਐਲ. **(Erstwhile PSEB)** ਦੀ **latest** ਵਰਕਸ ਰੈਗੁਲੇਸ਼ਨਜ਼ (ਜਿਸ ਨੂੰ ਕਿ ਨਿਗਮ ਦੀ ਵੈਬਸਾਈਟ **www.pstcl.org** ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ) ਅਨੁਸਾਰ ਸਾਰੇ ਨਿਯਮ ਅਤੇ ਸ਼ਰਤਾਂ ਲਾਗੂ ਹੋਣਗੀਆਂ। ਜੇਕਰ ਕੋਈ ਝਗੜਾ ਖੜਾ ਹੁੰਦਾ ਹੈ ਤਾਂ ਉਸ ਸੂਰਤ ਵਿੱਚ ਉੱਪ ਮੁੱਖ ਇੰਜੀਨੀਅਰ/ ਪੀ ਤੇ ਐਮ ਹਲਕਾ, ਪੀ.ਐਸ.ਟੀ.ਸੀ.ਐਲ., ਪਟਿਆਲਾ ਦਾ ਫੈਸਲਾ ਆਖਰੀ ਹੋਵੇਗਾ। ਹੋਰ ਸਾਰੇ ਝਗੜਿਆਂ ਲਈ ਮਾਮਲੇ ਦਾ ਅਧਿਕਾਰ ਖੇਤਰ ਕੇਵਲ ਸਮਾਣਾ ਵਿਖੇ ਸਥਿੱਤ ਸਿਵਲ ਅਦਾਲਤ ਦਾ ਹੋਵੇਗਾ।

ਠੇਕੇਦਾਰ ਵੱਲੋਂ ਠੇਕਾ ਮਿਲਣ ਦੇ 30 ਦਿਨਾਂ ਦੇ ਅੰਦਰ ਪੀ.ਐਸ.ਟੀ.ਸੀ.ਐਲ. ਦੇ ਨਿਯਮਾਂ ਮੁਤਾਬਿਕ ਗੈਰ-ਸਵਿਧਾਨਿਕ **(Non-Judicial)** ਸਟੈਂਪ ਪੇਪਰ ਤੇ ਇਕਰਾਰਨਾਮਾ ਕਰਨਾ ਪਵੇਗਾ। ਇਕਰਾਰਨਾਮਾ ਕਰਨ ਲਈ ਆਉਣ ਵਾਲਾ ਖਰਚ ਜਿਵੇਂ ਕਿ ਟਿਕਟਾਂ ਦੀ ਕੀਮਤ ਅਤੇ ਹੋਰ ਕਾਗਜ ਤਿਆਰ ਕਰਨਾ ਆਦਿ ਠੇਕੇਦਾਰ ਵੱਲੋਂ ਕੀਤਾ ਜਾਵੇਗਾ।

ਵਧੀਕ ਨਿਗਰਾਨ ਇੰਜੀਨੀਅਰ,
ਪੀ ਤੇ ਐਮ ਮੰਡਲ.
ਪੀ.ਐਸ.ਟੀ.ਸੀ.ਐਲ., ਪਾਤੜਾਂ